**ਦਸਤਾਵੇਜ਼ ਨੰ: 04/Exhibit no.Pw2/04**

---

ਪੰਜਾਬ ਸਰਕਾਰ

ਉਚੇਰੀ ਸਿੱਖਿਆ ਤੇ ਭਾਸ਼ਾ ਵਿਭਾਗ

(ਸਿੱਖਿਆ ਸੈਲ)

ਅਧਿਸੂਚਨਾ

ਪਿੱ;ਅੰ;ਨੰ; 6/28/17-2 ਸਿੱ.ਸੈਲ/1610 ਮਿਤੀ, ਚੰਡੀਗੜ੍ਹ: 27/8/2020

ਸਰਕਾਰ ਦੇ ਪੱਤਰ ਨੰ:6/28/17-2ਸਿੱ.ਸੈਲ/885-887, ਮਿਤੀ 2/3.6.2020 ਰਾਹੀਂ ਭਾਸ਼ਾ ਵਿਭਾਗ, ਪੰਜਾਬ ਦੇ ਪੰਜਾਬੀ ਸਾਹਿਤ ਰਤਨ ਅਤੇ ਸ੍ਰੋਮਣੀ ਪੁਰਸਕਾਰਾਂ ਦੀ ਚੋਣ ਅਤੇ ਵਿਭਾਗੀ ਵਿਕਾਸ ਸਕੀਮਾਂ ਲਈ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨ ਦੀ ਅਧਿਸੂਚਨਾ ਜਾਰੀ ਕੀਤੀ ਗਈ ਹੈ। ਇਸ ਅਧਿਸੂਚਨਾ ਦੇ ਭਾਗ-ਅ ਦੇ ਲੜੀ ਨੰ;14 (ਹਿੰਦੀ ਨਾਲ ਸਬੰਧਤ ਸਾਹਿਤਕਾਰ) ਤੇ ਦਰਜ ਮੈਂਬਰ ਦਾ ਨਾਂ ਡਾ: ਮੇਵਾ ਸਿੰਘ, (ਰਿਟਾ) ਗੁਰੂ ਨਾਨਕ ਦੇਵ ਯੂਨਵਰਸਿਟੀ ਅੰਮ੍ਰਿਤਸਰ ਦੀ ਥਾਂ ਤੇ ਡਾ: ਸੇਵਾ ਸਿੰਘ, (ਰਿਟਾ. ਪ੍ਰੋ.)ਹਿੰਦੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਟੀ ਅੰਮ੍ਰਿਤਸਰ ਦਰਜ ਕੀਤਾ ਜਾਂਦਾ ਹੈ।

2. ਇਸ ਤੋਂ ਇਲਾਵਾ ਉਕਤ ਜਾਰੀ ਹੋਈ ਅਧਿਸੂਚਨਾ ਦੇ ਭਾਗ-ਅ, ਲੜੀ ਨੰ:2 (ਪੰਜਾਬੀ ਸਾਹਿਤ ਨਾਲ ਸਬੰਧਤ ਮੈਂਬਰ) ਤੇ ਦਰਜ ਮੈਂਬਰ ਡਾ: ਆਤਮਜੀਤ ਸਿੰਘ, ਨਾਟਕਕਾਰ ਦਾ ਅਸਤੀਫਾ ਮੰਨਜੂਰ ਕਰਦੇ ਹੋਏ, ਉਨਾਂ ਦੀ ਥਾਂ ਤੇ ਸ੍ਰੀ ਕੇਵਲ ਧਾਲੀਵਾਲ, ਨਾਟਕਕਾਰ, 24 ਹੋਲੀਸਿਟੀ (ਗਰੀਨ), ਗੁੰਮਟਾਲਾ ਬਾਈਪਾਸ, ਅੰਮ੍ਰਿਤਸਰ (ਮੋਬਾ:ਨੰ: 98142-99422) ਦਾ ਨਾਂ ਸ਼ਾਮਿਲ ਕੀਤਾ ਜਾਂਦਾ ਹੈ।

(ਦਸਤਖਤ)

ਮਿਤੀ,ਚੰਡੀਗੜ੍ਹ: ਰਾਹੁਲ ਭੰਡਾਰੀ, ਆਈ.ਏ.ਐਸ..

21.8.2020 ਸਕੱਤਰ, ਪੰਜਾਬ ਸਰਕਾਰ,

ਉਚੇਰੀ ਸਿਖਿਆ ਤੇ ਭਾਸ਼ਾ ਵਿਭਾਗ।

ਪਿੱ;ਅੰ;ਨੰ;6/28/17-2ਸਿੱ.ਸੈਲ/1611 ਮਿਤੀ, ਚੰਡੀਗੜ੍ਹ:27/8/2020

ਉਤਾਰਾ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਨੂੰ ਉਨਾਂ ਦੇ ਪੱਤਰ ਨੰ:ਤਾਲਮੇਲ-2020/330, ਮਿਤੀ 3.7.2020 ਅਤੇ ਪੱਤਰ ਮਿਤੀ 385, ਮਿਤੀ 22.7.2020 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਸਮੂਹ ਮੈਂਬਰਾਂ ਨੂੰ ਆਪਣੇ ਪੱਧਰ ਤੇ ਅਧਿਸੂਚਨਾ ਦੀ ਕਾਪੀ ਮੁਹੱਈਆ ਜਾਵੇ।

(ਦਸਤਖਤ)

ਵਿਸ਼ੇਸ਼ ਸਕੱਤਰ ਉੱਚੇਰੀ ਸਿਖਿਆ

ਪਿੱ;ਅੰ;ਨੰ; 6/28/17-2 ਸਿੱ.ਸੈਲ/1612 ਮਿਤੀ, ਚੰਡੀਗੜ੍ਹ: 27/8/2020

ਉਤਾਰਾ ਕੰਟਰੋਲਰ, ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਅਧਿਸੂਚਨਾ ਦੀ ਕਾਪੀ ਨੂੰ ਗਜਟ (ਸਧਾਰਨ) ਵਿੱਚ ਛਾਪਿਆ ਜਾਵੇ ਅਤੇ ਇਸ ਦੀਆਂ 50 ਕਾਪੀਆਂ ਸਰਕਾਰ ਨੂੰ ਭੇਜੀਆਂ ਜਾਣ।

(ਦਸਤਖਤ)

ਵਿਸ਼ੇਸ਼ ਸਕੱਤਰ ਉੱਚੇਰੀ ਸਿਖਿਆ